SPECIMEN MATERIAL

# GCSE
# PANJABI

## Foundation Tier Paper 1 Listening Test Transcript

F

Specimen 2019 Morning Time allowed: 35 minutes
(including 5 minutes' reading time before the test)

**FOR INVIGILATOR'S USE ONLY**

**The pauses are pre-recorded for this test.**

**Advice**
This is what you should do for each item.

- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again, and then answer the questions.
- When the next question is about to start you will hear a bleep like this (*).
- You may write at any time during the test.
- In **Section A** answer the questions in **English**. In **Section B** answer the questions in **Panjabi**.
- You must answer all the questions in the spaces provided. Do not write on blank pages.
- Write neatly and put down **all** the information you are asked to give.
- **You must not ask questions or interrupt during the test.**
- You now have five minutes to read through the question paper. You may make notes during this time. You may open your answer book now.
- **The test starts now.**

Once the recording has started, the Invigilator must not pause it, **at any time** as all pauses, including the five minutes' reading time, are pre-recorded.

**Section A** Questions and answers in **English**

| | | |
|---|---|---|
| 1 | **F2** | ਮੈਂ ਰੀਟਾ ਹਾਂ। ਮੈਂ ਆਪਣੇ ਵਿਹਲੇ ਸਮੇਂ ਵਿੱਚ ਆਪਣੇ ਪਰਿਵਾਰ ਲਈ ਨਵੇਂ ਨਵੇਂ ਖਾਣੇ ਬਣਾਉਣਾ ਪਸੰਦ ਕਰਦੀ ਹਾਂ। ਕਦੇ ਕਦੇ ਆਪਣੇ ਆਪਣੇ ਮਾਤਾ ਜੀ ਨਾਲ ਫਿਲਮ ਦੇਖਣ ਲਈ ਚਲੀ ਜਾਂਦੀ ਹਾਂ। |
| 2 | **M2** | ਮੇਰਾ ਨਾਂ ਸਨਦੀਪ ਹੈ ਮੈਂ ਤਾਂ ਵਿਹਲੇ ਸਮੇਂ ਵਿੱਚ ਨਵੇਂ ਨਵੇਂ ਪੰਜਾਬੀ ਗਾਣੇ ਸੁਣਦਾ ਹਾਂ। ਜੇ ਮੌਸਮ ਠੀਕ ਹੋਵੇ ਤਾਂ ਪਾਰਕ ਵਿੱਚ ਜਾ ਕੇ ਦੌੜਦਾ ਹਾਂ। |
| **Example:** | **F1** | ਮੇਰੇ ਮਾਤਾ ਜੀ ਖਾਣਾ ਬਹੁਤ ਵਧੀਆ ਬਣਾਉਂਦੇ ਹਨ। |
| 3 | **M1** | ਮੇਰੀ ਭੈਣ ਮੇਰੇ ਸਕੂਲ ਦੇ ਕੰਮ ਵਿੱਚ ਮਦਦ ਕਰਦੀ ਹੈ। |
| 4 | **F2** | ਮੇਰਾ ਭਰਾ ਮੇਰੇ ਨਾਲ ਫੁਟਬਾਲ ਖੇਡਦਾ ਹੈ । |
| 5 | **M2** | ਮੇਰੇ ਪਿਤਾ ਜੀ ਮੈਨੂੰ ਬਹੁਤ ਹਸਾਉਂਦੇ ਹਨ। |
| 6 | **F1** | ਬਹੁਤ ਸਾਰੇ ਬੱਚੇ ਇੱਕ ਦੂਜੇ ਨਾਲ ਗੱਲਬਾਤ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। |
| 7 | **F1** | ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲੇ ਕੁਝ ਬੱਚੇ ਕਹਿੰਦੇ ਹਨ ਕਿ ਉਹ ਇੱਕ ਦੂਜੇ ਨੂੰ ਫੋਟੋ ਭੇਜਦੇ ਹਨ। |
| 8 | **F1** | ਥੋੜ੍ਹੇ ਜਿਹੇ ਕਹਿੰਦੇ ਹਨ ਕਿ ਅਸੀਂ ਤਾਂ ਸੋਸ਼ਲ ਮੀਡੀਆ ਕੋਈ ਨਵੀਂ ਖਬਰ ਦੱਸਣ ਲਈ ਵਰਤਦੇ ਹਾਂ। |
| 9 | **F1** | ਬਲਰਾਜ, ਤੁਸੀਂ ਮੈਨੂੰ ਆਪਣੀ ਸਿਹਤ ਬਾਰੇ ਦੱਸੋ? |
| | **M1** | ਮੇਰੀ ਸਿਹਤ ਬਹੁਤ ਚੰਗੀ ਹੈ ਕਿਉਂਕਿ ਮੈਂ ਦੌੜਨ ਜਾਂਦਾ ਹਾਂ। |
| 10 | **F1** | ਬਲਰਾਜ ਤੁਸੀਂ ਆਪਣੇ ਵਿਹਲੇ ਸਮੇਂ ਵਿੱਚ ਕੀ ਕਰਦੇ ਹੋ? |
| | **M1** | ਮੈਂ ਵਿਹਲੇ ਸਮੇਂ ਵਿੱਚ ਤਰਨ ਜਾਂਦਾ ਹਾਂ। |
| 11 | **F1** | ਤੁਸੀਂ ਆਪਣੇ ਖਾਣੇ ਬਾਰੇ ਕੀ ਬਦਲਣਾ ਚਾਹੁੰਦੇ ਹੋ? |
| | **M1** | ਮੈਂ ਜ਼ਿਆਦਾ ਸਬਜ਼ੀਆਂ ਖਾਣਾ ਚਾਹੁੰਦਾ ਹਾਂ ਤਾਂ ਕਿ ਮੇਰੀ ਸਿਹਤ ਠੀਕ ਰਹੇ । |
| 12 | **F1** | ਤੁਸੀਂ ਆਪਣੀ ਇਹ ਆਦਤ ਕਿਉਂ ਬਦਲਣਾ ਚਾਹੋਗੇ? |
| | **M1** | ਮੈਂ ਤਲੀਆਂ ਚੀਜ਼ਾਂ ਜ਼ਿਆਦਾ ਖਾਂਦਾ ਹਾਂ ਤੇ ਮੈਂ ਇਹ ਘੱਟ ਕਰਨੀਆਂ ਚਾਹੁੰਦਾ ਹਾਂ। |
| 13 | **F1** | ਤੁਸੀਂ ਸਕੂਲ ਨੂੰ ਤੁਰ ਕੇ ਕਿਉਂ ਆਉਂਦੇ ਹੋ? |
| | **M1** | ਮੇਰਾ ਭਾਰ ਬਹੁਤ ਵਧ ਗਿਆ ਹੈ ਅਤੇ ਮੈਂ ਘਟਾਉਣਾ ਚਾਹੁੰਦਾ ਹਾਂ। |
| 14 | **F1** | ਤੁਸੀਂ ਆਪਣੇ ਵਰਗੇ ਨੌਜਵਾਨਾਂ ਨੂੰ ਕੀ ਕਹਿਣਾ ਚਾਹੁੰਦੇ ਹੋ? |
| | **M1** | ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਸਿਹਤ ਠੀਕ ਰੱਖਣ ਲਈ ਨਸ਼ਿਆਂ ਤੋਂ ਦੂਰ ਰਹੋ। |

| | | |
|---|---|---|
| 15 | M1 | ਮੈਂ ਤਾਂ ਕਾਰ ਮਕੈਨਿਕ ਦਾ ਕੰਮ ਸਿੱਖਣ ਲਈ ਕਾਲਜ ਜਾਵਾਂਗਾ। ਇਸ ਨਾਲ ਮੈਨੂੰ ਜਲਦੀ ਕੰਮ ਮਿਲ ਜਾਵੇਗਾ। |
| 16 | F1 | ਮੈਂ ਏ ਲੈਵਲ ਕਰਕੇ ਯੂਨੀਵਰਸਿਟੀ ਜਾਵਾਂਗੀ। ਡਿਗਰੀ ਕਰਕੇ ਚੰਗੀ ਤਨਖਾਹ ਵਾਲੀ ਨੌਕਰੀ ਮਿਲ ਸਕਦੀ ਹੈ। |
| 17 | F2 | ਮੈਂ ਸਾਇੰਸ ਦੇ ਏ ਲੈਵਲ ਕਰਨਾ ਚਾਹੁੰਦੀ ਹਾਂ। ਇਸ ਨਾਲ ਮੈਂ ਕੋਈ ਵੀ ਨੌਕਰੀ ਚੁਣ ਸਕਦੀ ਹਾਂ। |
| 18 | F1 | ਮੇਰੇ ਸਕੂਲ ਦੀ ਇਮਾਰਤ ਬਹੁਤ ਸੁਹਣੀ ਹੈ ਕਿਉਂਕਿ ਇਹ ਨਵੀਂ ਬਣੀ ਹੈ। |
| 19 | M1 | ਆਮ ਤੌਰ ਤੇ ਮੈਂ ਦੁਪਹਿਰ ਦਾ ਖਾਣਾ ਸਕੂਲ ਵਿੱਚ ਹੀ ਖਾਂਦਾ ਹਾਂ ਕਿਉਂਕਿ ਖਾਣਾ ਬਹੁਤ ਸੁਆਦ ਹੁੰਦਾ ਹੈ। |
| 20 | F2 | ਸਾਰੇ ਬੱਚੇ ਸਾਡੇ ਸਕੂਲ ਦੀ ਵਰਦੀ ਬਹੁਤ ਪਸੰਦ ਕਰਦੇ ਹਨ ਕਿਉਂਕਿ ਇਹ ਸਾਡੇ ਸਕੂਲ ਦੀ ਪਛਾਣ ਹੈ। |
| 21 | M2 | ਸਾਡੇ ਸਕੂਲ ਦਾ ਮੁੱਖ ਅਧਿਆਪਕ ਬਹੁਤ ਚੰਗਾ ਹੈ ਉਹ ਹਰ ਵੇਲੇ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਖਿਆਲ ਰੱਖਦਾ ਹੈ। |
| 22 | M1 | ਦਿੱਲੀ ਜਾਣ ਵਾਲੀ ਫਲਾਈਟ ਢਾਈ ਘੰਟੇ ਲੇਟ ਹੈ।<br>ਜੇ ਕਿਸੇ ਯਾਤਰੀ ਨੂੰ ਭੁੱਖ ਲੱਗੀ ਹੈ ਤਾਂ ਉਹ ਕੂਪਨ ਲੈ ਕੇ ਰੈਸਟੋਰੈਂਟ ਵਿੱਚ ਮੁਫਤ ਖਾਣਾ ਖਾ ਸਕਦਾ ਹੈ।<br>ਯਾਦ ਰੱਖਣਾ, ਇਹ ਮੁਫਤ ਖਾਣਾ ਸਿਰਫ਼ ਉਨ੍ਹਾਂ ਯਾਤਰੀਆਂ ਲਈ ਹੈ ਜਿਨ੍ਹਾਂ ਦੀ ਫਲਾਈਟ ਦੇਰ ਨਾਲ ਜਾ ਰਹੀ ਹੈ। |
| 23 | M2 | ਜਲੰਧਰ ਵਿੱਚ ਮਜ਼ਦੂਰੀ ਕਰਨ ਵਾਲੇ ਲੋਕਾਂ ਦੀ ਹਾਲਤ ਇੰਨੀ ਮਾੜੀ ਹੈ ਕਿ ਉਨ੍ਹਾਂ ਕੋਲ ਰਹਿਣ ਲਈ ਘਰ ਨਹੀਂ ਹਨ ਅਤੇ ਨਾ ਹੀ ਖਾਣ ਵਾਸਤੇ ਖਾਣਾ। |
| 24 | F1 | ਦਿੱਲੀ ਵਿੱਚ ਬਹੁਤ ਸਾਰੇ ਲੋਕ ਵਿਹਲੇ ਹਨ ਅਤੇ ਇਨ੍ਹਾਂ ਨੂੰ ਕੋਈ ਨੌਕਰੀ ਨਹੀਂ ਮਿਲਦੀ। ਸਰਕਾਰ ਵੀ ਨੌਕਰੀ ਦੇ ਮੌਕੇ ਪੈਦਾ ਕਰਨ ਦੇ ਯਤਨ ਨਹੀਂ ਕਰਦੀ। |
| 25 | M1 | ਲੁਧਿਆਣੇ ਵਿੱਚ ਵਿਹਲੇ ਨੌਜਵਾਨਾਂ ਵਿੱਚੋਂ ਕੁਝ ਲੁੱਟ ਖੋਹ ਕਰਨ ਲੱਗ ਪਏ ਹਨ। ਇਸ ਕਾਰਨ ਚੋਰੀਆਂ ਬਹੁਤ ਵਧ ਗਈਆਂ ਹਨ। |
| 26 | F2 | ਇੰਡੀਆ ਦੇ ਸਾਰੇ ਵੱਡੇ ਵੱਡੇ ਸ਼ਹਿਰਾਂ ਵਿੱਚ ਸੜਕਾਂ ਦੇ ਕਿਨਾਰੇ ਝੁੱਗੀਆਂ ਵਿੱਚ ਰਹਿੰਦੇ ਲੋਕਾਂ ਕੋਲ ਪਾਣੀ ਅਤੇ ਟੌਇਲਟ ਜਾਣ ਦੀਆਂ ਸਹੂਲਤਾਂ ਵੀ ਨਹੀਂ ਹਨ। ਇਸ ਕਾਰਨ ਸੜਕਾਂ ਦੁਆਲੇ ਗੰਦਗੀ ਵਧ ਰਹੀ ਹੈ। |
| 27 | F1 | ਪਿਛਲੇ ਸਾਲ ਮੈਂ ਆਪਣੀਆਂ ਸਹੇਲੀਆਂ ਨਾਲ ਸਰਦਾਰ ਸੋਭਾ ਸਿੰਘ ਦੀ ਆਰਟ ਗੈਲਰੀ ਵਿੱਚ ਕਲਾ ਦਾ ਮੇਲਾ ਦੇਖਣ ਗਈ। ਅਸੀਂ ਮੇਲੇ ਵਿੱਚ ਦੁਪਹਿਰ ਤੋਂ ਬਾਅਦ ਵਿੱਚ ਪਹੁੰਚੀਆਂ ਅਤੇ ਲੋਕ ਜ਼ਿਆਦਾ ਹੋਣ ਕਾਰਨ ਹਾਲ ਵਿੱਚ ਗਰਮੀ ਬਹੁਤ ਲਗਦੀ ਸੀ। ਕਲਾ ਦੇ ਪਰੇਮੀ ਮੇਲੇ ਵਿੱਚ ਸੋਭਾ ਸਿੰਘ ਜੀ ਦੀਆਂ ਬਣਾਈਆਂ ਤਸਵੀਰਾਂ ਬੜੇ ਧਿਆਨ ਨਾਲ ਦੇਖ ਰਹੇ ਸਨ। ਮੈਂ ਇਹ ਤਸਵੀਰਾਂ ਦੇਖ ਕੇ ਬਹੁਤ ਖੁਸ਼ੀ ਮਹਿਸੂਸ ਕੀਤੀ। |

| | | |
|---|---|---|
| **Section B** | | Questions and answers in **Panjabi** |
| **28** | **M1** | ਸੁਰਜੀਤ ਇੱਕ ਬਹੁਤ ਹੀ ਗਰੀਬ ਪਰਿਵਾਰ ਦਾ ਮੁੰਡਾ ਸੀ। ਉਹ ਆਪਣੇ ਮਾਤਾ-ਪਿਤਾ ਅਤੇ ਭਰਾ ਨਾਲ ਕਰਨ ਸਿੰਘ ਦੇ ਘਰ ਦੇ ਨੇੜੇ ਰਹਿੰਦਾ ਸੀ। ਕਰਨ ਸਿੰਘ ਨੇ ਦੇਖਿਆ ਕਿ ਉਹ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਹੈ ਅਤੇ ਮਨ ਲਗਾ ਕੇ ਸਾਰਾ ਕੰਮ ਕਰਦਾ ਹੈ ਪਰ ਉਸ ਦੇ ਮਾਤਾ-ਪਿਤਾ ਉਸ ਨੂੰ ਪੜ੍ਹਾ ਨਹੀਂ ਸਕਦੇ । ਉਸ ਨੇ ਸੁਰਜੀਤ ਨੂੰ ਲੰਡਨ ਵਿੱਚ ਵਕੀਲ ਦੀ ਪੜ੍ਹਾਈ ਲਈ ਭੇਜਿਆ। ਵੱਡਾ ਹੋ ਕੇ ਸੁਰਜੀਤ ਇੱਕ ਮਸ਼ਹੂਰ ਵਕੀਲ ਬਣਿਆ। |
| **29** | **M1** | ਹੁਣ ਸੁਰਜੀਤ ਲੰਡਨ ਵਿੱਚ ਰਹਿੰਦਾ ਹੈ ਤੇ ਉਸ ਕੋਲ ਆਪਣਾ ਬਹੁਤ ਵੱਡਾ ਘਰ ਹੈ ਪਰ ਸੁਰਜੀਤ ਦੇ ਮਾਤਾ-ਪਿਤਾ ਤੇ ਭਰਾ ਪੰਜਾਬ ਵਿੱਚ ਹੀ ਹਨ। ਸੁਰਜੀਤ, ਕਰਨ ਸਿੰਘ ਅਤੇ ਉਸ ਦੀ ਪਤਨੀ ਨੂੰ ਮਾਤਾ ਪਿਤਾ ਵਾਂਗ ਹੀ ਸਮਝਦਾ ਹੈ ਅਤੇ ਉਨ੍ਹਾਂ ਦਾ ਪੂਰਾ ਖਿਆਲ ਰੱਖ ਕੇ, ਆਦਰ ਮਾਣ ਕਰਦਾ ਹੈ। ਉਹ ਜਲਦੀ ਹੀ ਆਪਣੇ ਮਾਤਾ-ਪਿਤਾ ਨੂੰ ਆਪਣੇ ਕੋਲ ਸੱਦ ਲਵੇਗਾ। |
| **30** | **F1** | ਮੈਂ ਤਾਂ ਵਿਆਹ ਕਰਾ ਕੇ ਘਰ ਰਹਿ ਕੇ ਆਪਣੇ ਬੱਚਿਆਂ ਦੀ ਦੇਖਭਾਲ ਕਰਾਂਗੀ। |
| **31** | **M1** | ਮੈਂ ਵਿਆਹ ਤੋਂ ਬਾਅਦ ਆਪਣੀ ਪਤਨੀ ਨਾਲ ਹੋਰ ਦੇਸ਼ਾਂ ਵਿੱਚ ਘੁੰਮਣ ਫਿਰਨ ਜਾਣਾ ਚਾਹੁੰਦਾ ਹਾਂ। |
| **32** | **F2** | ਮੈਂ ਤਾਂ ਸਾਰੀ ਉਮਰ ਕੁਆਰੀ ਰਹਿਣਾ ਚਾਹਾਂਗੀ, ਵਿਆਹ ਕਰਵਾਉਣ ਦੇ ਮੈਨੂੰ ਖਾਸ ਫਾਇਦੇ ਨਹੀਂ ਦਿਸਦੇ। |
| **33** | **M2** | ਵਿਆਹ ਕਰਵਾ ਕੇ ਮੈਂ ਤੇ ਮੇਰੀ ਪਤਨੀ ਆਪਣੀ ਨਵੀਂ ਦੁਕਾਨ ਖੋਲ੍ਹਾਂਗੇ। ਅਸੀਂ ਕਿਸੇ ਹੋਰ ਥਾਂ ਨੌਕਰੀ ਨਹੀਂ ਕਰਨੀ। |

**END OF TEST**

Copyright © 2016 AQA and its licensors. All rights reserved